Roll No. [ ] Total No. of Pages : 02

Total No. of Questions : 09

## B.Sc. (Agriculture) (2014 to 2018) (Sem.-2)

# PUNJABI

**Subject Code : BSAG-207a**

**M.Code : 72363**

**Time : 3 Hrs.** **Max. Marks : 30**

ਨੋਟ—

1. ਭਾਗ (ੳ) ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦਾ **ਇਕ-ਇਕ** ਨੰਬਰ ਹੈ।
2. ਭਾਗ (ਅ) ਵਿਚ **ਪੰਜ** ਪ੍ਰਸ਼ਨ ਦਿੱਤੇ ਗਏ ਹਨ। ਹਰ ਇਕ ਪ੍ਰਸ਼ਨ 2½ ਨੰਬਰ ਦਾ ਹੈ। ਵਿਦਿਆਰਥੀ ਨੇ ਪੰਜ ਵਿੱਚੋਂ ਕੋਈ **ਚਾਰ** ਪ੍ਰਸ਼ਨ ਕਰਨੇ ਹੋਣਗੇ।
3. ਭਾਗ (ੲ) ਵਿਚ ਤਿੰਨ ਪ੍ਰਸ਼ਨ ਦਿੱਤੇ ਗਏ ਹਨ। ਹਰ ਇਕ ਪ੍ਰਸ਼ਨ **ਪੰਜ** ਨੰਬਰਾਂ ਦਾ ਹੈ। ਵਿਦਿਆਰਥੀ ਨੇ ਤਿੰਨ ਵਿੱਚੋਂ ਕੋਈ **ਦੋ** ਪ੍ਰਸ਼ਨ ਕਰਨੇ ਹੋਣਗੇ।
4. ਹਰ ਭਾਗ ਦੇ ਸਾਰੇ ਸਵਾਲ ਇਕ ਥਾਂ ਤੋਂ ਹੀ ਹੱਲ ਕੀਤੇ ਜਾਣ। ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

### ਭਾਗ (ੳ)

**1. ਸਾਰੇ ਪ੍ਰਸ਼ਨ ਜ਼ਰੂਰੀ ਹਨ।**

(ੳ) ਉਸਤਾਦ ਬੜੇ ਗੁਲਾਮ ਅਲੀ ਖਾਂ ਸੰਗੀਤ ਦੇ ਕਿਸ ਘਰਾਣੇ ਨਾਲ ਸੰਬੰਧ ਰੱਖਦੇ ਸਨ?

(ਅ) ਸੋਭਾ ਸਿੰਘ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ੲ) ਗੋਲਾਈਦਾਰ ਸਵਰ ਕੀ ਹੁੰਦੇ ਹਨ? ਉਦਾਹਰਨਾਂ ਸਹਿਤ ਪਰਿਭਾਸ਼ਾ ਦਿਓ।

(ਸ) ਮਾਝੀ ਉਪਭਾਸ਼ਾ ਪੰਜਾਬ ਦੇ ਕਿਹੜੇ ਖੇਤਰ ਵਿਚ ਬੋਲੀ ਜਾਂਦੀ ਹੈ?

(ਹ) ਕ-ਵਰਗ ਵਿਅੰਜਨਾਂ ਦਾ ਉਚਾਰਨ ਸਥਾਨ ਕਿਹੜਾ ਹੈ?

(ਕ) ਉੱਚੀ ਸੁਰ ਤੋਂ ਕੀ ਭਾਵ ਹੈ? ਉਦਾਹਰਨ ਸਹਿਤ ਦੱਸੋ।

(ਖ) ਜੀਵਨੀ ਦੀ ਸੰਖੇਪ ਪਰਿਭਾਸ਼ਾ ਦਿਓ।

(ਗ) ਮਲਵਈ ਉਪਭਾਸ਼ਾ ਦੇ ਕੋਈ ਦੋ ਪਛਾਣ ਚਿੰਨ੍ਹ ਦੱਸੋ।

(ਘ) ਪਹੀਆ ਪ੍ਰਦੂਸ਼ਣ ਦੀ ਰੋਕਥਾਮ ਲਈ ਕੋਈ ਦੋ ਉਪਾਅ ਦੱਸੋ।

(ਙ) ਭਰੂਣ ਹੱਤਿਆ ਦੇ ਦੋ ਕਾਰਨ ਲਿਖੋ।

### ਭਾਗ (ਅ)

**2. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ—**

ਇਸ ਵਿਸ਼ਵੀਕਰਨ ਦੌਰ ਵਿਚ ਆਪਣੀ ਮਾਤ-ਭਾਸ਼ਾ ਪ੍ਰਤੀ ਹਰ ਜ਼ੁਬਾਨ ਦੇ ਚਿੰਤਕ ਚੇਤਨ ਹੋਏ ਹਨ। ਵਿਸ਼ਵੀਕਰਨ ਦੀ ਆੜ ਵਿਚ ਸਥਾਨਕ ਸਭਿਆਚਾਰਾਂ ਅਤੇ ਬੋਲੀਆਂ ਨੂੰ ਇਕ ਖਤਰਾ ਖੜ੍ਹਾ ਹੋ ਗਿਆ ਹੈ। ਅੱਜ ਕਈ ਵੱਡੀਆਂ ਬੋਲੀਆਂ ਨੂੰ ਆਪਣੇ ਭਵਿੱਖ ਸੁਰੱਖਿਅਤ ਨਜ਼ਰ ਨਹੀਂ

ਆ ਰਹੇ। ਮਾਤ-ਭਾਸ਼ਾਵਾਂ ਨੂੰ ਉਨ੍ਹਾਂ ਖਤਰਾ ਬਾਹਰੋਂ ਨਹੀਂ ਹੈ ਜਿਨ੍ਹਾਂ ਪੰਜਾਬੀਆਂ ਦੀ ਆਪਣੀ ਮਾਂ-ਬੋਲੀ ਪ੍ਰਤੀ ਆਪਣੀ ਬੇਰੁਖੀ ਤੋਂ ਹੈ। ਮਾਤ-ਭਾਸ਼ਾਵਾਂ ਨੂੰ ਸਿਆਸਤ ਨੇ ਰਿਜ਼ਕੋਂ/ਰੁਜ਼ਗਾਰੋਂ ਵਾਝਿਆਂ ਕਰ ਦਿੱਤਾ ਹੈ। ਬੰਦੇ ਦੇ ਅੰਦਰ ਖਪਤੀ ਤੇ ਬਜ਼ਾਰੀ ਮਾਨਸਿਕਤਾ ਵੜ ਜਾਣ ਕਾਰਨ ਮਾਤ-ਭਾਸ਼ਾ ਦੀ ਬਲੀ ਚੜ੍ਹ ਰਹੀ ਹੈ।

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਪੰਜਾਬੀ ਬੋਲੀ ਨੂੰ ਸਭ ਤੋਂ ਵੱਡਾ ਖਤਰਾ ਕਿਸ ਤੋਂ ਹੈ?

(ੲ) ਪੰਜਾਬੀ ਬੰਦੇ ਅੰਦਰ ਕਿਹੋ ਜਿਹੀ ਮਾਨਸਿਕਤਾ ਵੜ ਗਈ ਹੈ?

3. ਉਚਾਰਣ ਸਥਾਨ ਦੇ ਆਧਾਰ 'ਤੇ ਪੰਜਾਬੀ ਵਿਅੰਜਨਾਂ ਦੀ ਵਰਗਵੰਡ ਕਰੋ।

4. ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ ਬਾਰੇ ਚਰਚਾ ਕਰੋ।

5. ਅਜੋਕੇ ਸਮੇਂ ਵਿਚ ਔਰਤ ਦੀ ਸਥਿਤੀ ਉੱਪਰ ਨੋਟ ਲਿਖੋ।

6. ਪ੍ਰਿਥਵੀ ਰਾਜ ਕਪੂਰ ਦੀ ਅਦਾਕਾਰੀ ਉੱਪਰ ਸੰਖੇਪ ਨੋਟ ਲਿਖੋ।

**ਭਾਗ (ੲ)**

7. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉੱਪਰ ਲੇਖ ਲਿਖੋ।
   ਨਾਰੀ ਸ਼ਕਤੀ, ਏਡਜ਼ : ਸਮੱਸਿਆ ਅਤੇ ਰੋਕਥਾਮ।

8. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇਕ ਉੱਪਰ ਪੈਰ੍ਹਾ-ਰਚਨਾ ਕਰੋ।
   ਨੌਜਵਾਨ ਅਤੇ ਨਸ਼ੇ, ਅਜੋਕੀ ਪੰਜਾਬੀ ਗਾਇਕੀ।

9. ਹੇਠ ਲਿਖਿਆਂ ਵਿਚੋਂ ਕਿਸੇ ਇਕ ਦੇ ਜੀਵਨ ਉੱਤੇ ਲੇਖ ਲਿਖੋ।
   ਬੜੇ ਗੁਲਾਮ ਅਲੀ ਖਾਂ, ਸੋਭਾ ਸਿੰਘ।

**Note : Disclosure of Identity by writing Mobile No. or Making of Passing request on any page of Answer sheet will lead to UMC against the student.**